## ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਮਗਰੋਂ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਨਿਸ਼ਾਨੀਆਂ (ਅਲਾਮਤਾਂ) ਦੇ ਹਵਾਲਿਆਂ ਤੋਂ ਕੁਝ ਵਰਨਣ ਕਰਾਂਗਾ ਜੋ ਆਪਣੀਆਂ ਨਿਸ਼ਾਨੀਆਂ ਬਾਰੇ ਆਪ ਨੇ ਲਿੱਖਿਆ ਹੈ । ਇਕ ਉਸੂਲੀ ਗੱਲ, ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਬਾਰੇ ਬਹੁਤ ਹੀ ਸਪਸ਼ਟ ਤੌਰ'ਤੇ ਫ਼ਰਮਾਈ ਕਿ ਅਸਲ ਉਦੇਸ਼, ਇਹ ਨਿਸ਼ਾਨੀਆਂ (ਅਲਾਮਤਾਂ) ਜੋ ਅਜੇ ਪ੍ਰਗਟ ਹੋਈਆਂ ਜਾਂ ਹੋ ਰਹੀਆਂ ਹਨ ਜਾਂ ਹੁੰਦੀਆਂ ਰਹਿਣਗੀਆਂ । ਭਵਿੱਖ ਵਿੱਚ ਇਹਨਾਂ ਦਾ ਉਦੇਸ਼ ਇਹ ਹੈ ਕਿ ਇਸ ਯੁੱਗ ਵਿੱਚ ਰੱਬ ਆਪ ਜੀ ਰਾਹੀਂ ਇਸਲਾਮ ਦੀ ਸਚੱਾਈ ਦੁਨੀਆਂ ਉਪੱਰ ਪ੍ਰਤੱਖ ਕਰਨਾ ਚਾਹੁੰਦਾ ਹੈ ਅਤੇ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦੇ ਮੁਕਾਮ ਅਤੇ ਮਰਤਬੇ ਨੂੰ ਦੁਨੀਆਂ ਉਪੱਰ ਪ੍ਰਗਟ ਕਰਨਾ ਚਾਹੁੰਦਾ ਹੈ । ਇਹ ਨਿਸ਼ਾਨੀਆਂ ਜਿੱਥੇ ਗ਼ੈਰਾਂ ਦੇ ਇਸਲਾਮ ਉਪੱਰ ਕਿੰਤੂ ਪ੍ਰੰਤੂ ਕਰਨ ਵਾਲਿਆਂ ਦੇ ਮੂੰਹ ਬੰਦ ਕਰਦੀਆਂ ਹਨ, ਉੱਥੇ ਮੁਸਲਮਾਨਾਂ ਲਈ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦਾ ਪ੍ਰਮਾਣ ਹਨ ਕਿ ਆਪ ਹੀ ਉਹ ਜਰੀਉਲੱਾਹ (ਰੱਬ ਦੇ ਪਹਿਲਵਾਨ) ਹਨ ਜਿੰਨ੍ਹਾ ਨੂੰ ਇਸਲਾਮ ਦੇ ਪੁਨਰਉਥਾਨ ਲਈ ਰੱਬ ਨੇ ਭੇਜਿਆ ਹੈ ।

ਹਜ਼ੂਰ ਪੁਰ ਨੂਰ (ਵਰਤਮਾਨ ਪੰਜਵੇਂ ਰੂਹਾਨੀ ਖ਼ਲੀਫ਼ਾ) ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਇਸ ਬਾਰੇ 'ਬ੍ਰਾਹੀਨ ਅਹਮਦੀਆ' ਅਤੇ 'ਕਸ਼ਤੀ-ਏ-ਨੂਹ' ਵਿੱਚੋਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨ ਪੇਸ਼ ਕੀਤੇ । ਕਸ਼ਤੀ-ਏ-ਨੂਹ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਉਹ ਗ਼ੈਬ ਦੀਆਂ ਗੱਲਾਂ ਜੋ ਰੱਬ ਨੇ ਮੈਨੂੰ ਦੱਸੀਆਂ ਹਨ ਅਤੇ ਫਿਰ ਆਪਣੇ ਸਮੇਂ ਤੇ ਪੂਰੀਆਂ ਹੋਈਆਂ ਹਨ ਉਹ ਦਸ ਹਜ਼ਾਰ ਤੋਂ ਘੱਟ ਨਹੀਂ ਹਨ ਪਰ ਕਿਤਾਬ 'ਨਜ਼ੂਲੁਲ ਮਸੀਹ' ਵਿੱਚ ਜੋ ਛੱਪ ਰਹੀ ਹੈ ਨਮੂਨੇ ਵੱਜੋਂ ਕੇਵਲ ਡੇਢ ਸੌ ਸਬੂਤਾਂ ਅਤੇ ਗਵਾਹਾਂ ਸਣੇ ਉਹਨਾਂ ਵਿੱਚੋਂ ਲਿੱਖੀਆਂ ਗਈਆਂ ਹਨ । ਅਤੇ ਮੇਰੀ ਕੋਈ ਅਜਿਹੀ ਭਵਿੱਖਬਾਣੀ ਨਹੀਂ ਹੈ ਕਿ ਉਹ ਪੂਰੀ ਨਹੀਂ ਹੋਈ ਜਾਂ ਉਸਦੇ ਦੋ ਭਾਗਾਂ ਵਿੱਚੋਂ ਇਕ ਭਾਗ ਪੂਰਾਂ ਨਹੀਂ ਹੋ ਚੁੱਕਿਆ ਹੈ । ਜੇਕਰ ਕੋਈ ਭਾਲਦਿਆਂ ਭਾਲਦਿਆਂ ਮਰ ਵੀ ਜਾਵੇ ਤਾਂ ਕੋਈ ਅਜਿਹੀ ਭਵਿੱਖਬਾਣੀ ਜੋ ਮੇਰੇ ਮੂਹੋਂ ਨਿਕਲੀ ਹੋਵੇ ਉਸਨੂੰ ਨਹੀ ਮਿਲੇਗੀ ਜਿਸ ਬਾਰੇ ਉਹ ਕਹਿ ਸਕਦਾ ਹੋਵੇ ਕਿ ਖਾਲੀ ਗਈ । ਪਰ ਨਿਰਲਜੱਤਾ ਨਾਲ ਜਾਂ ਅੰਜਾਨਪੁਣੇ ਨਾਲ ਜੋ ਚਾਹੇ ਆਖੇ । ਅਤੇ ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਮੇਰੀਆਂ ਹਜਾਰਾਂ ਹੀ ਅਜਿਹੀਆਂ ਸਪਸ਼ਟ ਭਵਿੱਖਬਾਣੀਆਂ ਹਨ ਜੋ ਅਤਿਅੰਤ ਸਪਸ਼ਟ ਢੰਗ ਨਾਲ ਪੂਰੀਆਂ ਹੋ ਗਈਆਂ, ਜਿੰਨ੍ਹਾ ਦੇ ਲੱਖਾਂ ਹੀ ਲੋਕ ਗਵਾਹ ਹਨ । ਜਿੰਨ੍ਹਾ ਦੀ ਉਧਾਰਣ ਜੇਕਰ ਬੀਤ ਚੁਕੇ ਨਬੀਆਂ ਵਿੱਚ ਭਾਲ ਕੀਤੀ ਜਾਵੇ ਤਾਂ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸੱਲਮ ਤੋਂ ਬਿਨਾਂ ਕਿਸੇ ਹੋਰ ਥਾਂ ਉਹਨਾ ਦੀ ਉਧਾਰਣ ਨਹੀਂ ਮਿਲੇਗੀ ।

ਹਜ਼ੂਰ ਪੁਰ ਨੂਰ ਨੇ ਕਿਤਾਬ 'ਨਜ਼ੂਲੁਲ ਮਸੀਹ' ਵਿੱਚੋਂ ਹਜ਼ਰਤਮ ਸਮੀਹ ਮਊਦ ਅਲੈਹਿ ਸਲਾਮ ਦੀਆਂ ਕੁਝ ਭਵਿੱਖਬਾਣੀਆਂ ਦਾ ਨਮੂਨੇ ਵੱਜੋਂ ਵਰਨਣ ਕੀਤਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਅਲੱਾਹ ਤਆਲਾਂ ਨੇ ਪੇਸ਼ਗੋਈ (ਭਵਿੱਖਬਾਣੀ) ਕੀਤੀ ਕਿ :

(يا احمد فاضت الرحمۃ علی شفتیک)

ਦੇਖੋਂ ਬ੍ਰਾਹੀਨ ਅਹਮਦੀਆ ਪੰਨਾਂ 512 ਅਰਥ ਇਹ ਹੈ ਕਿ ਹੇ, ਅਹਮਦ ! ਤੇਰੇ ਬੋਲਾਂ ਉਪੱਰ ਰਹਿਮਤ ਜਾਰੀ ਕੀਤੀ ਜਾਵੇਗੀ, ਸ਼ੁੱਧ ਉਚੱਾਰਣ, ਬੋਲਾਂ ਦੀ ਸਪਸ਼ਟਤਾ, ਵਿਸਥਾਰ, ਸਚੱਾਈ ਤੇ ਮਾਅਰਫ਼ਤ ਤੈਨੂੰ ਪ੍ਰਦਾਨ ਕੀਤਾ ਜਾਵੇਗਾ । ਸੋ, ਸਪਸ਼ਟ ਹੈ ਕਿ ਮੇਰੇ ਕਲਾਮ ਨੇ ਉਹ ਚਮਤਕਾਰ ਦਿਖਾਇਆ ਕਿ ਕੋਈ ਮੁਕਾਬਲਾ ਨਹੀਂ ਕਰ ਸਕਿਆ । ਇਸ ਇਲਹਾਮ (ਈਸ਼ਵਾਣੀ)

ਦੇ ਬਾਦ 20 ਤੋਂ ਵੱਧ ਕਿਤਾਬਾਂ ਅਤੇ ਰਸਾਲੇ ਮੈਂ ਸ਼ੁੱਧ, ਸਪਸ਼ਟ ਤੇ ਵਿਧਥਾਰ ਪੂਰਬਕ ਅਰਬੀ ਵਿੱਚ ਪ੍ਰਕਾਸ਼ਤ ਕੀਤੀਆਂ ਪਰ ਕੋਈ ਟਾਕਰਾ ਨ ਕਰ ਸਕਿਆ । ਰੱਬ ਨੇ ਉਹਨਾਂ ਤੋਂ ਬੋਲ ਤੇ ਭਾਸ਼ਾਂ ਦੋਵੇਂ ਖੋਹ ਲਏ ਅਤੇ ਮੈਂਨੂੰ ਦੇ ਦਿੱਤੇ :

ਫਿਰ ਆਪ ਫ਼ਰਮਾਉਂਦੇ ਹਨ ਕਿ :

(يريدون ان يطفئوا نور الله بافواههم والله متم نورهٖ ولو كره الكافرون۔)

ਦੇਖੋ ਬ੍ਰਾਹੀਨ ਅਹਮਦੀਆ–240

ਅਰਥ : ਵਿਰੋਧੀ ਲੋਕ ਨਿਸ਼ਚਾ ਕਰਨਗੇ ਕਿ ਰੱਬ ਦੇ ਨੂਰ ਨੂੰ ਆਪਣੇ ਮੂੰਹ ਦੀਆਂ ਫੂਕਾਂ ਨਾਲ ਬੁਝਾ ਦੇਣ, ਅਰਥਾਤ ਅਤਿਅੰਤ ਮਕਰ ਤੇ ਫ਼ਰੇਬ ਤੋਂ ਕੰਮ ਲੈਣਗੇ ਪਰ ਖ਼ੁਦਾ ਆਪਣੇ ਨੂਰ ਨੂੰ ਕਮਾਲ ਤੱਕ ਪਹੁੰਚਾਏਗਾ ਜੇਕਰ ਕਾਫ਼ਰ ਲੋਕ ਘ੍ਰਿਣਾ ਹੀ ਕਰਨ ।

ਇਹ ਉਸ ਯੁੱਗ ਦੀ ਭਵਿੱਖਬਾਣੀ ਹੈ ਕਿ ਜੱਦ ਕਿ ਇਸ ਸਿਲਸਿਲੇ (ਜਮਾਤ) ਦੇ ਮੁਕਾਬਲੇ ‘ਤੇ ਵਿਰੋਧੀਆਂ ਨੂੰ ਕੋਈ ਜੋਸ਼ ਤੇ ਭੜਕਾਉ ਨਹੀਂ ਸੀ ਅਰਥਾਤ ਕੋਈ ਵਿਰੋਧੀ ਹੈ ਹੀ ਨਹੀ ਸੀ ਅਤੇ ਭਵਿੱਖਬਾਣੀ ਹੋ ਰਹੀ ਹੈ ਕਿ ਵਿਰੋਧੀ ਖ਼ਤਮ ਹੋ ਜਾਣ ਗੇ । ਫਿਰ ਇਸ ਭਵਿੱਖਬਾਣੀ ਦੇ ਦਸ ਵਰ੍ਹਿਆਂ ਮਗਰੋਂ ਉਹ ਜੋਸ਼ ਦਿਖਾਇਆ ਗਿਆ ਕਿ ਅੰਤ ਕਰ ਦਿੱਤੀ, ਅਰਥਾਤ ਕੁਫ਼ਰ ਦਾ ਫ਼ਤਵਾ ਲਿੱਖਿਆ ਗਿਆ, ਕਤਲ ਦੇ ਫ਼ਤਵੇ ਲਿੱਖੇ ਗਏ ਅਤੇ ਸੈਂਕੜਿਆਂ ਕਿਤਾਬਾਂ ਤੇ ਰਸਾਲੇ ਛਾਪ ਦਿੱਤੇ ਗਏ ਅਤੇ ਲਗੱਭਗ ਸਾਰੇ ਮੌਲਵੀ ਮੁਖ਼ਾਲਫ਼ ਹੋ ਗਏ ਅਤੇ ਕੋਈ ਹੀਣੇ ਤੋਂ ਹੀਣੀ ਯੁਕਤੀ ਨ ਛੱਡੀ ਜੋ ਕੇਰੇ ਤਬਾਹ ਕਰਨ ਲਈ ਨ ਕੀਤੀ ਗਈ, ਪਰ ਸਿੱਟਾ ਵਿਪਰੀਤ ਹੋਇਆ ਅਤੇ ਇਹ ਸਿਲਸਿਲਾ (ਜਮਾਤ) ਸੁਭਾਵਕ ਪ੍ਰਗਤੀ ਕਰ ਗਿਆ ।

ਆਪ ਜੀ ਫ਼ਰਮਾਉਂਦੇ ਹਨ :

(ان لم یعصمک الناس فیعصمک الله من عنده ۔ یعصمک الله من عنده وان لم یعصمک الناس۔)

ਦੇਖੋ, ਬ੍ਰਾਹੀਨ ਅਹਮਦੀਆ :

ਅਰਥ : ਜੇਕਰ ਲੋਕ ਤੈਨੂੰ ਨ ਬਚਾਉਣ ਅਰਥਾਤ ਤਬਾਹ ਕਰਨ ਦੇ ਜਤਨ ਕਰਨ ਪਰ ਖ਼ੁਦਾ ਆਪਣੇ ਕੋਲੋਂ ਸਬਬ ਬਣਾ ਕੇ ਤੈਨੂੰ ਬਚਾਏਗਾ, ਖ਼ੁਦਾ ਤੈਨੂੰ ਅਵਸ਼ ਬਚਾ ਲਏਗਾ ਭਾਵੇਂ ਲੋਕ ਤੈਨੂੰ ਨ ਬਚਾਉਹੁਣਾ ਚਾਹੁਣ ।

ਹੁਣ ਦੇਖੋ, ਇਹ ਕਿੰਨ੍ਹੀ ਪ੍ਰਬਲ ਤੇ ਬੁਲੰਦ ਸ਼ਾਨ ਵਾਲੀ ਭਵਿੱਖਬਾਣੀ ਹੈ ਅਤੇ ਬਚਾਉਣ ਲਈ ਦੁਬਾਰਾ ਬਚਨ ਦਿੱਤਾ ਗਿਆ ਹੈ ਅਤੇ ਇਸ ਵਿੱਚ ਸਪਸ਼ਟ ਵਾਦਾ ਕੀਤਾ ਗਿਆ ਹੈ ਕਿ ਲੋਕ ਤੈਨੂੰ ਤਬਾਹ ਤੇ ਹਲਾਕ ਕਰਨ ਦੇ ਜਤਨ ਕਰਨਗੇ ਅਤੇ ਵੱਕ ਵੱਖ ਪ੍ਰਕਾਰ ਦੀਆਂ ਵਿਉਂਤਾਂ ਘੜਨਗੇ ਪਰ ਰੱਬ ਤੇਰੇ ਨਾਲ ਹੋਵੇਗਾ ਅਤੇ ਉਹ ਉਹਨਾਂ ਵਿਉਂਤਾਂ ਨੂੰ ਭੰਨ ਦੇਵੇਗਾ ਅਤੇ ਤੈਨੂੰ ਬਚਾ ਲਏਗਾ । ਹੁਣ ਸੋਚਣਾ ਹੈ ਕਿ ਕਿਹੜੀ ਯੁਕਤੀ ਹੈ ਜੋ ਨਹੀਂ ਕੀਤੀ ਗਈ । ਸਗੋਂ ਮੇਰੇ ਤਬਾਹ ਤੇ ਹਲਾਕ ਕਰਨ ਲਈ ਭਿੰਨ ਭਿੰਨ ਪ੍ਰਕਾਰ ਦੇ ਮਕਰ (ਫ਼ਰੇਬ) ਕੀਤੇ ਗਏ । ਖ਼ੂਨ ਦੇ ਮੁਕਦੱਮੇ ਬਣਾਏ ਗਏ, ਅਪਮਾਨਤ ਕਰਨ ਦੇ ਜੋੜ ਤੋੜ ਕੀਤੇ ਗਏ ਅਤੇ ਟੈਕਸ ਲਾਉਂਣ ਦੀਆਂ ਵਿਉਂਤਾਂ ਘੜੀਆਂ ਗਈਆਂ । ਕੁਫ਼ਰ ਦੇ ਫ਼ਤਵੇ ਲਿੱਖੇ ਗਏ, ਕਤਲ ਦੇ ਫ਼ਤਵੇ ਲਿੱਖੇ ਗਏ ਪਰ ਰੱਬ ਨੇ ਸਾਰਿਆਂ ਨੂੰ ਨਾਮੁਰਾਦ ਰੱਖਿਆ । ਉਹ ਆਪਣੇ ਕਿਸੇ ਵੀ ਫ਼ਰੇਬ ਵਿੱਚ ਸਫ਼ਲ ਨਹੀਂ ਹੋਏ ।

ਹਜ਼ੂਰ ਪੁਰ ਨੂਰ ਨੇ ਫ਼ਰਮਾਇਆ, ਸੋ, ਮੈਂ ਇਹ ਤਿੰਨ ਚਾਰ ਨਮੂਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਭਵਿੱਖਬਾਣੀਆਂ ਦੇ ਪੇਸ਼ ਕੀਤੇ ਹਨ । ਫ਼ਰਮਾਇਆ, ਇਸੇ ਪ੍ਰਕਾਰ ਅਪ ਅਲੈਹਿ ਸਲਾਮ ਦੀਆਂ ਜੋ ਕਿਤਾਬਾਂ ਹਨ ਉਹ ਵੀ ਇਕ ਚਮਤਕਾਰ ਹਨ । ਇਸ ਬਾਰੇ ਆਪ ਜੀ ਫ਼ਰਮਾਉਂਦੇ ਹਨ ਕਿ :

ਮੈਂ ਵਿਸੇਸ਼ ਤੌਰ’ਤੇ ਰੱਬ ਦੇ ਕਰਾਮਾਤ, ਵਿਲਖੱਣਤਾ ਤੇ ਲਿੱਖਣ ਦੇ ਢੰਗਾ ਦਾ ਪ੍ਰਦਰਸ਼ਨ ਕਰਨ ਸਮੇਂ ਵੀ ਆਪਣੇ ਬਾਰੇ ਦੇਖਦਾ ਹਾਂ, ਕਿਉਂਕਿ ਜੱਦ ਮੈਂ ਅਰਬੀ ਵਿੱਚ ਜਾਂ ਉਰਦੂ ਵਿੱਚ ਕੋਈ ਵਾਕ ਲਿੱਖਦਾ ਹਾਂ ਤਾਂ ਮੈਂ ਅਨੁਭਵ ਕਰਦਾ ਹਾਂ ਕਿ ਕੋਈ ਅੰਦਰੋਂ ਮੈਂਨੂੰ ਗਿਆਨ ਦੇ ਰਿਹਾ ਹੈ ਅਤੇ ਸਦੈਵ ਮੇਰੀ ਲੇਖਣੀ ਭਾਵੇਂ ਅਰਬੀ ਹੋਵੇ ਜਾਂ ਉਰਦੂ ਜਾਂ ਫ਼ਾਰਸੀ, ਦੋ ਭਾਗਾਂ ਵਿੱਚ ਵੰਡੀ

ਹੋਈ ਹੁੰਦੀ ਹੈ । ਇਕ ਤਾਂ ਇਹ ਕਿ ਬਹੁਤ ਸਰਲਤਾ ਨਾਲ ਸ਼ਬਦਾਂ ਦੀ ਲੜੀ ਅਤੇ ਅਰਥ ਮੇਰੇ ਸਾਹਮਣੇ ਆ ਜਾਂਦੇ ਹਨ ਅਤੇ ਮੈਂ ਉਸਨੂੰ ਲਿੱਖਦਾ ਜਾਂਦਾ ਹਾਂ ਅਤੇ ਮੈਂਨੂੰ ਇਸ ਲੇਖਣੀ ਵਿੱਚ ਕੋਈ ਕਸ਼ਟ ਝਲਣਾ ਨਹੀਂ ਪੈਂਦਾ । ਪਰ ਵਾਸਤਵ ਵਿੱਚ ਉਹ ਲੜੀ ਮੇਰੀ ਬੋਧਕ ਸ਼ਕਤੀ ਤੋਂ ਵੱਧ ਨਹੀਂ ਹੁੰਦੀ । ਅਰਥਾਤ ਸ਼ਬਦ ਤੇ ਅਰਥ ਅਜਿਹੇ ਹੁੰਦੇ ਹਨ ਕਿ ਜੇਕਰ ਰੱਬ ਦੀ ਇਕ ਵਿਸ਼ੇਸ਼ ਰੂਪ ਵਿੱਚ ਸਹਾਇਤਾ ਨਹੀਂ ਹੁੰਦੀ ਤਾਂ ਵੀ ਉਸ ਦੇ ਅਪਾਰ ਕ੍ਰਿਪਾ ਨਾਲ ਸੰਭਵ ਸੀ ਕਿ ਉਸ ਦੀ ਮਮੂਲੀ ਸਹਾਇਤਾ ਦੀ ਬਰਕਤ ਨਾਲ ਜੋ ਮਨੁੱਖੀ ਸੁਭਾਵ ਅਨੁਸਾਰ ਲਾਜ਼ਮੀ ਹੈ । ਕਿਸੇ ਹੱਦ ਤੱਕ ਮਿਹਨਤ ਕਰਕੇ ਅਤੇ ਵਾਹਵਾ ਸਮਾਂ ਲੈਕੇ ਇਹਨਾਂ ਵਿਸ਼ਿਆਂ ਨੂੰ ਮੈਂ ਲਿੱਖ ਸਕਦਾ । ਵੱਲੱਾਹੁ ਆਲਮੁ (ਰੱਬ ਹੀ ਬਿਹਤਰ ਜਾਣਦਾ ਹੈ) । ਮੇਰੀ ਲੇਖਣੀ ਦਾ ਦੂਜਾ ਭਾਗ ਕੇਵਲ ਕਰਾਮਾਤ ਦੇ ਤੌਰ'ਤੇ ਹੈ ਅਤੇ ਉਹ ਇਹ ਹੈ ਕਿ ਜੱਦ ਮੈਂ ਉਧਾਰਣ ਲਈ ਮੈਂ ਇਕ ਅਰਬੀ ਵਾਕ ਲਿੱਖਦਾ ਹਾਂ ਅਤੇ ਵਾਕਾਂ ਦੀ ਲੜੀਵਾਰਤਾ ਵਿੱਚ ਕੁਝ ਅਜਿਹੇ ਸ਼ਬਦਾਂ ਦੀ ਲੋੜ ਪੈਂਦੀ ਹੈ ਕਿ ਉਹ ਮੈਂਨੂੰ ਪਤਾ ਨਹੀਂ ਹਨ, ਫ਼ਿਰ ਉਹਨਾਂ ਬਾਰੇ ਰੱਬ ਦੀ ਵਹੀ (ਰੱਬ ਵੱਲੋਂ ਕਿਸੇ ਗੱਲ ਦਾ ਮਨ ਵਿੱਚ ਪਾਇਆ ਜਾਣਾ) ਰਹਿਨੁਮਾਈ ਕਰਦੀ ਹੈ ਅਤੇ ਉਹ ਲੋੜੀਂਦੇ ਸ਼ਬਦ ਦ੍ਰਿਸ਼ਗੋਚਰ ਸ਼ਬਦਾਂ ਵਾਂਗ ਰੂਹੁਲਕੁਦੁਸ (ਪਵਿੱਤਰ ਆਤਮਾ) ਮੇਰੇ ਮਨ ਵਿੱਚ ਪਾਉਂਦਾ ਹੈ ਅਤੇ ਬੁੱਲਾਂ ਤੋਂ ਬੁਲਾਉਂਦਾ ਹੈ ਅਤੇ ਉਸ ਸਮੇਂ ਮੈਂ ਆਪਣੀ ਹਿਸ (ਸਪਰਸ਼ ਗਿਆਨ) ਤੋਂ ਅਨਜਾਣ ਹੁੰਦਾ ਹਾਂ ।

ਹਜ਼ੂਰ ਪੁਰ ਨੂਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਅਰਬੀ ਕਿਤਾਬਾਂ ਨੇ ਅਰਬਾਂ ਉਪੱਰ ਜੋ ਪ੍ਰਭਾਵ ਪਾਇਆ, ਉਸ ਦੀਆਂ ਕੁਝ ਉਧਾਰਣਾ ਇਸ ਯੁੱਗ ਵਿੱਚ ਵੀ ਹਨ, ਜੋ ਪੇਸ਼ ਕਰਦਾ ਹਾਂ ।

ਇਕ ਇਸਤਰੀ ਜੋ ਫ਼ਲਸਤੀਨ ਦੀ ਹਨ, ਉਹ ਕਹਿੰਦੀ ਹਨ ਕਿ ਰੀਤੀ ਅਨੁਸਾਰ ਮੇਰਾ ਪਕੱਾ ਈਮਾਨ ਸੀ ਕਿ ਈਸਾ ਅਲੈਹਿ ਸਲਾਮ ਆਕਾਸ਼ ਉਪੱਰ ਬਿਰਾਜਮਾਨ ਹਨ ਅਤੇ ਅੰਤਮ ਯੁੱਗ ਵਿੱਚ ਆਕਾਸ਼ ਤੋਂ ਨਾਜ਼ਲ ਹੋਣਗੇ ਅਤੇ ਉਮੱਤ ਨੂੰ ਹੋਰਨਾਂ ਕੌਮਾਂ ਦੀ ਗ਼ੁਲਾਮੀ ਤੋਂ ਤਲਵਾਰ ਦੇ ਬਲ ਨਾਲ ਆਜ਼ਾਦ ਕਰਾਉਂਣਗੇ । ਭਾਵ ਤਲਵਾਰ ਦੇ ਜੋਰ ਨਾਲ ਹੀ ਲੋਕਾਂ ਨੂੰ ਜਬਰਨ ਇਸਲਾਮ ਵਿੱਚ ਦਾਖ਼ਲ ਕਰਨਗੇ । ਇਸ ਲਈ ਮੈਂਨੂੰ ਬੜੀ ਤੀਬਰਤਾ ਨਾਲ ਉਸ ਦਿਨ ਦੀ ਉਡੀਕ ਸੀ, ਫ਼ਿਰ ਜਮਾਤ ਨਾਲ ਮੇਰੀ ਪਛਾਣ ਹੋਈ । ਮੇਰੇ ਦਿਓਰ ਰਾਹੀਂ ਇਹ ਪਛਾਣ ਹੋਈ । ਜੋ ਨ ਕੇਵਲ ਜਮਾਤ ਬਾਰੇ ਮੇਰੇ ਨਾਲ ਅਧਿਕਤਰ ਗਲੱਾਂ ਕਰਦੇ ਸਨ ਸਗੋਂ ਮੈਂਨੂੰ ਹਜ਼ਰਤਮ ਮਸੀਹ ਮਊਦ ਅਲੈਹਿ ਸਲਾਮ ਦੀਆਂ ਅਰਬੀ ਕਿਤਾਬਾਂ ਤੇ ਲਿਟ੍ਰੇਚਰ ਵੀ ਭੇਜਦੇ ਰਹਿੰਦੇ ਸਨ । ਉਹਨਾਂ ਕਿਤਾਬਾਂ ਵਿੱਚ ਮੈਂਨੂੰ ਅਦੁੱਤੀ ਤੇ ਅਨਮੋਲ ਮੋਤੀ ਮਿਲੇ, ਅਜਿਹੀਆਂ ਮਾਅਰਫਤ ਭਰੀਆਂ ਗੱਲਾਂ ਦਾ ਅਧਿਐਨ ਮੈਂ ਆਪਣੇ ਜੀਵਨ ਵਿੱਚ ਕਦੇ ਨਹੀਂ ਕੀਤਾ ਸੀ, ਅਜਿਹਾ ਸ਼ੁੱਧ, ਸਰਲ, ਵਿਸਥਾਰ ਪੂਰਬਕ ਅਰਬੀ ਕਲਾਮ ਜਿਸ ਵਿੱਚ ਗਿਆਨ ਤੇ ਮਾਅਰਫ਼ਤ ਦੇ ਹੀਰੇ ਰੱਖ ਦਿੱਤੇ ਹੋਣ, ਮੇਰੇ ਲਈ ਬਿਲਕੁਲ ਨਵਾਂ ਸੀ । ਅਜਿਹੇ ਬਹੁਮੁੱਲ ਮੋਤੀਆਂ ਦੇ ਅਧਿਐਨ ਨਾਲ ਪੜ੍ਹਨ ਵਾਲੇ ਦਾ ਰੱਬ ਨਾਲ ਸੰਬੰਧ ਕਾਇਮ ਹੋਣਾ ਅਰੰਭ ਹੋ ਜਾਂਦਾ ਹੈ ਅਤੇ ਪੂਰਨ ਸੰਤੋਖ ਹੋਣ ਮਗਰੋਂ ਮੈਂ ਬੈਅਤ ਕਰ ਲਈ ।

ਫ਼ਿਰ ਅਬੱਾਸ ਸਾਹਬ ਹਨ, ਇਟਲੀ ਵਿੱਚ ਰਹਿੰਦੇ ਹਨ ਪਰ ਅਰਬ ਹਨ । ਕਹਿੰਦੇ ਹਨ ਕਿ ਮੈਂ ਮੌਲਵੀਆਂ ਦੇ ਰੋਕ ਲਾਉਣ ਦੇ ਬਾਦ ਵੀ ਐਮ ਟੀ ਏ ਅਲ-ਅਰਬੀਆ (ਟੀਵੀ ਚੈਨਲ) ਦਾ ਹੋਕੇ ਰਹਿ ਗਿਆ ਸੀ । ਇਕ ਦਿਨ ਮੈਂ 'ਅਲਹਿਵਾਰ' (ਪ੍ਰੋਗਰਾਮ) ਦੇਖ ਰਿਹਾ ਸੀ ਕਿ ਉਸ ਵਿੱਚ ਵਕਫ਼ੇ ਦੌਰਾਨ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਹ ਅਰਬੀ ਕਸੀਦਹ (ਅਰਬੀ ਛੰਦ ਰਚਨਾ) ਆ ਗਿਆ :

(علمی من الرحمن ذی الآلاء          باللہ حزتُ الفضلَ لا بدھاءِ)

ਮੈਂ ਇਹ ਕਸੀਦਹ ਸੁਣਨ ਦੇ ਨਾਲ ਨਾਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਤਸਵੀਰ ਵੀ ਦੇਖੀ ਜਾਂਦਾ ਸੀ । ਇੱਥੋਂ ਤੱਕ ਕਿ ਬੇ ਮੁਹਾਰੇ ਹੀ ਮੇਰੇ ਮੂੰਹ ਵਿੱਚੋਂ ਇਹ ਸ਼ਬਦ ਨਿਕਲੇ ਕਿ ਰੱਬ ਦੀ ਸਹੁੰ ! ਇਹ ਗੱਲ ਕੋਈ ਝੂਠਾ ਨਹੀਂ ਆਖ ਸਕਦਾ. ਇਹ ਮਨੁੱਖ ਅਵਸ਼ ਵੀ ਰੱਬ ਦਾ ਫ਼ਰਸਤਾਦਾ (ਭੇਜਿਆ ਹੋਇਆ) ਹੈ । ਅਜਿਹਾ ਕਲਾਮ ਰੱਬ ਅਤੇ ਉਸਦੇ ਰਸੂਲ ਦੀ ਬੇ ਅਦਬੀ ਕਰਨ ਵਾਲਾ ਨਹੀਂ ਹੋ ਸਕਦਾ ।

ਫ਼ਿਰ ਖ਼ਾਲਿਦ ਸਾਹਬ ਮਰਾਕਸ਼ ਦੇ ਹਨ । ਉਹ ਕਹਿੰਦੇ ਹਨ ਅਹਮਦੀਅਤ ਨਾਲ ਜਾਣ ਪਛਾਣ ਹੋਣ ਮਗਰੋਂ ਮੈਨੂੰ ਇਸ ਗੱਲ ਤੋਂ ਹੈਰਾਨੀ ਵੀ ਹੋਈ ਕਿ ਇਮਾਮ ਮਹਦੀ ਆ ਕੇ ਚਲਾ ਵੀ ਗਿਆ ਅਤੇ ਅਸੀਂ ਹੁਣ ਉਹਨਾਂ ਬਾਰੇ ਸੁਣ ਰਹੇ ਹਨ । ਸੋਚ ਸੋਚ ਕੇ ਮੈਂ ਰੱਬ ਵੱਲੋਂ ਮਾਰਗ ਦਰਸਨਾਂ ਲਈ ਦੁਆ ਕੀਤੀ ਅਤੇ ਜਮਾਤ ਦੀ ਅਰਬੀ ਵੈਬਸਾਈਟ ਉਪੱਰ ਮਜੂਦ ਕਿਤਾਬਾਂ ਦਾ ਅਧਿਐਨ ਅਰੰਭ ਕਰ ਦਿੱਤਾ । ਸਭ ਤੋਂ ਪਹਲੀ ਕਿਤਾਬ ਜੋ ਮੈਂ ਪੜ੍ਹੀ ਉਹ 'ਇਸਲਾਮੀ ਉਸੂਲ ਦੀ ਫ਼ਿਲਾਸੀ' ਦਾ ਅਰਬੀ ਅਨੁਵਾਦ ਸੀ ਜਿਸਨੂੰ ਮੈਂ ਕਈ ਵਾਰ ਪੜ੍ਹਿਆ । ਇਸ ਕਿਤਾਬ ਵਿੱਚ ਨਿਆਂ, ਉਪਕਾਰ ਅਤੇ ਈਤਾਇਜ਼ਿਲ ਕੁਰਬਾ (ਲੋਕਾਂ ਨਾਲ ਨਿਕਟ ਸੰਬੰਧੀਆਂ ਜਿਹਾ ਪ੍ਰੇਮ) ਦਾ ਵਿਸ਼ਾ ਪੜ੍ਹ ਕੇ ਮੇਰੀ ਆਤਮਾ ਵੀ ਵਜਦ (ਰੱਬ ਦੇ ਪ੍ਰੇਮ ਦੀ ਖ਼ੁਮਾਰੀ) ਵਿੱਚ ਆ ਗਈ । ਉਸ ਤੋਂ ਬਾਦ ਮੈਂ 'ਅਤੱਬਲੀਗ਼' ਪੜ੍ਹੀ ਅਤੇ ਹੋਰ ਕਈ ਕਿਤਾਬਾਂ ਦਾ ਅਧਿਐਨ ਕੀਤਾ । ਇਹਨਾਂ ਕਿਤਾਬਾਂ ਨੇ ਰੂਹਾਨੀ ਸੁਖਮਤਾ ਤੇ ਧਾਰਮਕ ਮਾਅਰਫ਼ਤ ਦੇ ਅਜਿਹੇ ਦਰਿਆ ਵਗਾਏ ਕਿ ਅਧਿਕਤਰ ਮੇਰੇ ਬੁੱਲਾਂ'ਤੇ ਇਹ ਗੱਲ ਆਉਂਦੀ ਸੀ ਕਿ ਮੈਨੂੰ ਖ਼ਜ਼ਾਨਾ ਮਿਲ ਗਿਆ ਹੈ ।

ਇਕ ਸਾਹਬ ਅਮਾਦਾ ਸਾਹਬ ਹਨ । ਉਹਨਾ ਬਾਰੇ ਹਾਨੀ ਤਾਹਿਰ ਸਾਹਬ ਲਿੱਖਕਦੇ ਹਨ ਕਿ ਵੈਬਸਾਈਟ, ਸਾਡੀ ਵੈਬਸਾਈਟ ਉਪੱਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮਰਯੱਮ ਬਨਣ ਅਤੇ ਫ਼ਿਰ ਇਸ ਮਰਯੱਮ ਦੀ ਰੂਹ ਫ਼ੂਕੇ ਜਾਣ ਬਾਰੇ ਪੁੱਛਿਆ ਸੀ ਇਸ'ਤੇ ਉਹਨਾਂ ਨਾਲ ਰਾਬਤਾ ਕੀਤਾ ਗਿਆ ਅਤੇ ਕੁਝ ਵਿਸ਼ੇ ਤੇ ਹਜ਼ੂਰ ਅਲੈਹਿ ਸਲਾਮ ਦੇ ਕਥਨ ਭਿਜਵਾਏ ਗਏ ਜਿੰਨ੍ਹਾ ਤੋਂ ਉਹ ਪ੍ਰਭਾਵਤ ਹੋਏ ਅਤੇ ਹਕੀਕਤ ਨੂੰ ਪਛਾਣ ਲਿਆ । ਉਹ ਲਿੱਖਦੇ ਹਨ ਕਿ :

ਹਜ਼ੂਰ ਅਲੈਹਿ ਸਲਾਮ ਦੀ ਕਿਤਾਬ 'ਅਤੱਬਲੀਗ਼' ਨੇ ਮੇਰਾ ਹਿਰਦਾ ਖੋਲ ਦਿੱਤਾ ਅਤੇ ਮੈਨੂੰ ਹੈਰਾਨੀ ਭਰਪੂਰ ਖ਼ੁਸ਼ੀ ਪ੍ਰਾਪਤ ਹੋਈ ਕਿ ਇਸ ਯੁੱਗ ਵਿੱਚ ਵੀ ਅੰਬਿਆ ਦਾ ਨੂਰਾਂ ਨਾਲ ਭਰਿਆਂ ਹੋਇਆ ਕਲਾਮ ਮੈਨੂੰ ਪੜ੍ਹਨ ਲਈ ਮਿਲਿਆ ਆਪਣੀਆਂ ਪਿਛਲੀਆਂ ਸ਼ੰਕਾਵਾਂ ਉਪੱਰ ਦੁੱਖ ਵੀ ਹੋਇਆ ।

ਯਮਨ ਦੇ ਇਕ ਸਾਹਬ ਹਨ, ਅਤਾਮੀ ਸਾਹਬ, ਕਹਿੰਦੇ ਹਨ ਕਿ ਇਕ ਪਤੱਰਕਾਰ ਅਤੇ ਅਣਵੇਸ਼ਕ ਹੋਣ ਦੇ ਨਾਤੇ ਸਚੱਾਈ ਜਾਨਣ ਦਾ ਮੈਨੂੰ ਸ਼ੌਕ ਸੀ । ਇਸ ਲਈ ਜਮਾਤ ਦੇ ਵਿਰੋਧੀਆਂ ਦੀਆਂ ਕਿਤਾਬਾਂ ਵੀ ਪੜ੍ਹੀਆਂ । ਉਹਨਾਂ ਵਿੱਚ ਅਣਉਚਿਤ ਅਰੋਪਾਂ ਮਗਰੋਂ ਅਵਸਥਾ ਕੁਫ਼ਰ ਤੱਕ ਪਹੁੰਚਦੀ ਨਜ਼ਰ ਆਈ । ਵਧੇਰੀ ਛਾਨਬੀਨ ਮਗਰੋਂ ਇਸ ਸਿੱਟੇ ਉਪੱਰ ਪਹੁੰਚਿਆ ਕਿ ਉਹਨਾਂ ਵਿੱਚ ਉਹੋ ਪੁਰਾਣੇ ਗ਼ਲਤ ਆਰੋਪਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ । ਦੂਜੇ ਪਾਸੇ ਹਜ਼ਰਤ ਮਸੀਹ ਮਊਦ ਅਲੈਹਿ  ਸਲਾਮ ਦੀਆਂ ਅਰਬੀ ਗਿਆਨ ਦੇ ਚਮਤਕਾਰ ਸਨ । ਇਹ ਵੀ ਇਲਾਹੀ ਚਮਤਕਾਰ ਸੀ ਕਿ ਇਮਾਮ ਮਹਦੀ ਨੂੰ ਫ਼ਾਰਸੀ ਨਸਲ ਵਿੱਚੋਂ ਪੈਦਾ ਕੀਤਾ । ਜ਼ਰੂਰੀ  ਨਹੀਂ ਕਿ ਅਰਬੀਆਂ ਵਿੱਚ ਹੀ 'ਮਹਦੀ' ਆਉਂਦਾ । ਕਿਉਂਕਿ ਸੁਮਾਰਗ ਅਤੇ ਨਬੁਵੱਤ ਕੇਵਲ ਅਰਬਾਂ'ਤੇ ਅਧਾਰਤ ਨਹੀਂ, ਦੂਜੀ ਦੁਨੀਆਂ ਦਾ ਕੀ ਕੁਸੂਰ ਹੈ ।

ਹਜ਼ੂਰ ਪੁਰ ਨੂਰ ਨੇ ਫ਼ਰਮਾਇਆ, ਇਸ ਪ੍ਰਕਾਰ ਦੀਆਂ ਅਣਗਿਣਤ ਘਟੱਨਾਵਾਂ ਹਨ । ਮੈਂ ਕੇਵਲ ਕੁਝ ਇਕ ਪੇਸ਼ ਕੀਤੇ ਹਨ । ਫ਼ਿਰ ਇਹਨਾਂ ਚਮਤਕਾਰਾਂ ਬਾਰੇ ਹੀ ਇਕ ਥਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮੈਂ ਉਹ ਮਨੁੱਖ ਹਾਂ ਜਿਸ ਦੇ ਹੱਥ ਉਪੱਰ ਸੈਂਕੜਿਆਂ ਨਿਸ਼ਾਨ (ਚਮਤਕਾਰ) ਪ੍ਰਗਟ ਹੋਏ । ਕੀ ਧਰਤੀ ਉਪੱਰ ਕੋਈ ਅਜਿਆ ਮਨੁੱਖ ਜੀਉਂਦਾ ਹੈ ਕਿ ਜੋ ਚਮਤਕਾਰ ਦਿਖਾਉਂਣ ਵਿਚ ਮੇਰਾ ਮੁਕਾਬਲਾ ਕਰਕੇ ਮੇਰੇ ਉਪੱਰ ਗ਼ਾਲਬ ਆ ਸਕੇ । ਮੈਨੂੰ ਉਸ ਖ਼ੁਦਾ ਦੀ ਕਸਮ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਹੁਣ ਤੱਕ ਦੋ ਲੱਖ ਤੋਂ ਵਧੀਕ ਮੇਰੇ ਹੱਥਾਂ ਉਪੱਰ ਨਿਸ਼ਾਨ ਪ੍ਰਗਟ ਹੋ ਚੁਕੇ ਹਨ ਅਤੇ ਸੰਭਵਤਾ ਦਸ ਹਜ਼ਾਰ ਦੇ ਲਗਭਗ ਜਾਂ ਉਸ ਤੋਂ ਵੱਧ ਲੋਕਾਂ ਨੇ ਪੈਗ਼ੰਬਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸੁਪਨਿਆਂ ਵਿਚ ਦੇਖਿਆ । ਅਤੇ ਆਪ ਨੇ ਮੇਰੀ ਪੁਸ਼ਟੀ ਕੀਤੀ, ਅਤੇ ਇਸ ਦੇਸ਼ ਵਿੱਚ ਜੋ ਕੁਝ ਨਾਮਵਰ ਅਹਿਲੇਕਸ਼ਫ਼ (ਦਿਵ ਦ੍ਰਿਸ਼ਟਾ) ਸੀ । ਜਿੰਨ੍ਹਾ ਦਾ ਤਿੰਨ-ਤਿੰਨ, ਚਾਰ ਚਾਰ ਲੱਖ ਮੁਰੀਦ ਸੀ, ਉਹਨਾਂ ਨੂੰ ਸੁਪਨਿਆਂ ਵਿੱਚ

ਦਿਖਾਇਆ ਗਿਆ ਕਿ ਇਹ ਮਨੁੱਖ ਰੱਬ ਵੱਲੋਂ ਹੈ ਅਤੇ ਕਈ ਉਹਨਾਂ ਵਿੱਚੋਂ ਅਜਿਹੇ ਸਨ ਕਿ ਮੇਰੇ ਪ੍ਰਗਟ ਹੋਣ ਤੋਂ ਤੀਹ ਵਰ੍ਹੇ ਪਹਿਲਾਂ ਇਸ ਸੰਸਾਰ ਵਿੱਚੋਂ ਕੂਚ ਕਰ ਚੁਕੇ ਸਨ ।

ਇਸ ਤੋਂ ਬਾਦ ਹਜ਼ੂਰ ਪੁਰ ਨੂਰ ਨੇ ਸੁਪਨੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਾਰਗਦਰਸ਼ਨਾਂ ਰਾਹੀਂ ਅਹਮਦੀਅਤ ਕੁਬੂਲ ਕਰਨ ਦੇ ਆਸਥਾ ਵਧਾਉਂਣ ਵਾਲੀਆਂ ਘਟਨਾਵਾਂ ਸੁਣਾਈਆਂ ।

ਅਬਦੁਸੱਤੱਾਰ ਸਾਹਬ ਪੁਤੱਰ ਅਬਦੁਲੱਾਹ ਸਾਹਬ ਫ਼ਰਮਾਉਂਦੇ ਹਨ ਕਿ ਮੈਂ ਆਪਣੇ ਪਿਤਾ ਜੀ ਨੂੰ ਪ੍ਰਸ਼ਨ ਕੀਤਾ ਕਿ ਮਸੀਹ ਨਾਸਰੀ (ਹਜ਼ਰਤ ਈਸਾ ਅਲੈਹਿ ਸਲਾਮ) ਦੀ ਮੌਤ ਦਾ ਮਸਲਾ ਸਾਨੂੰ ਨਹੀਂ ਆਉਂਦਾ, ਜੀਵਤ ਦਾ ਆਉਂਦਾ ਹੈ । ਕਿਉਂਕਿ ਮਸੀਹ ਦੇ ਜੀਉਂਦੇ ਰਹਿਣ ਬਾਰੇ ਸੁਣਦੇ ਰਹੇ ਹਾਂ । ਇਹ ਸਾਨੂੰ ਸਮਝਾ ਦਿਓ । ਮੇਰੇ ਪਿਤਾ ਜੀ ਨੇ ਆਪਣਾ ਇਕ ਸੁਪਨਾ ਬੈਅਤ ਤੋਂ ਅੱਠ ਦੱਸ ਮਹੀਨਿ ਬਾਦ ਇਹ ਸੁਣਾਇਆ ਕਿ ਮੈਂ ਰਾਵੀ ਦਰਿਆ ਦੇ ਕੰਢੇ ਉੱਪਰ ਦੇਖਿਆ ਕਿ ਦੋ ਖ਼ੇਮੇ ਲੱਗੇ ਹੋਏ ਹਨ, ਇਕ ਮਸੀਹ ਮਊਦ ਅਲੈਹਿ ਸਲਾਮ ਦਾ ਅਤੇ ਦੂਜਾ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ । ਮੈਂ ਰਸੂਲੇ ਕਰੀਮ ਸਲਲੱਾਹੁ ਅਲੈੁਹ ਵਸਲੱਮ ਦੇ ਖ਼ੇਮੇ ਵਿੱਚ ਦਾਖ਼ਲ ਹੋਇਆ ਅਤੇ ਇਹ ਪ੍ਰਸ਼ਨ ਕੀਤਾ ਕਿ ਮਸੀਹ ਮਊਦ ਅਲੈਹਿ ਸਲਾਮ ਦਾ ਦਾਵਾ ਕਰਨ ਵਾਲੇ ਬਜ਼ੁਰਗ ਕਿਹੋ ਜਿਹੇ ਹਨ ? ਆਪਨੇ ਫ਼ਰਮਾਇਆ ਕਿ ਇਹ ਮਨੁੱਖ ਬਹੁਤ ਕਾਬਲ, ਬਹੁਤ ਕਾਬਲ, ਬਹੁਤ ਕਾਬਲ । ਤਿੰਨ ਵਾਰ ਉਂਗਲ ਦੇ ਸੰਕੇਤ ਨਾਲ ਫ਼ਰਮਾਇਆ । ਮੁਕਮੱਲ ਸ਼ਹਾਦਤ ਨੂੰ ਦੇਖ ਕੇ ਪੂਰਨ ਆਸਥਾ ਹੋ ਗਈ ਹੈ ਕਿ ਆਪ ਅਰਥਾਤ ਮਸੀਹ ਮਊਦ ਅਲੈਹਿ ਸਲਾਮ ਆਪਣੇ ਦਾਵੇ ਵਿੱਚ ਸੱਚੇ ਹਨ । ਸਾਨੂੰ ਜੀਵਨ-ਮੌਤ ਦੇ ਮਸਲੇ ਦੀ ਲੋੜ ਨਹੀਂ, ਈਮਾਨ ਲੈ ਆਏ ਅਤੇ ਬੈਅਤ ਵਿੱਚ ਦਾਖ਼ਲ ਹੋਏ ।

ਫ਼ਿਰ ਸਰਦਾਰ ਕਰਮਦਾਦ ਸਾਹਬ ਵਰਨਣ ਕਰਦੇ ਹਨ ਕਿ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਬੈਅਤ ਕਰਨ ਤੋਂ ਪਹਿਲਾਂ ਸੁਪਨੇ ਵਿੱਚ ਦੇਖਿਆ । ਉਹ ਇਸ ਪ੍ਰਕਾਰ ਕਿ ਇਕ ਸੜਕ ਹੈ ਜਿਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਸਾਥ ਟਹਿਲਦੇ ਆ ਰਹੇ ਹਨ । ਬੰਦਾ ਸਾਹਮਣਿਓਂ ਆ ਰਿਹਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬੰਦੇ ਨੂੰ ਸੰਬੋਧਨ ਕਰਕੇ ਫ਼ਰਮਾਉਂਦੇ ਹਨ, ਉਂਗਲ ਦੇ ਸੰਕੇਤ ਨਾਲ ਕਿ ਇਹ ਰੱਬ ਵੱਲੋਂ ਹਨ, ਇਹ ਰੱਬ ਵੱਲਂ ਹਨ, ਅਰਥਾਤ ਤਿੰਨ ਵਾਰ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ । ਜੱਦ ਮੈਂ 1902 ਈ. ਵਿੱਚ ਕਾਦੀਆਂ ਵਿਖੇ ਜੱਦ ਕਿ ਛੋਟੀ ਮਸਜਿਦ ਹੁੰਦੀ ਸੀ ਬੈਅਤ ਕੀਤੀ, ਤਾਂ ਉਸੇ ਹੁਲੀਏ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਪਾਇਆ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਸਾਡੀ ਜਮਾਤ ਨੂੰ ਰੱਬ ਨਾਲ ਸਚੱਾ ਸੰਬੰਧ ਹੋਣਾ ਚਾਹੀਦਾ ਹੈ । ਉਹਨਾਂ ਨੂੰ ਰੱਬ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਰੱਬ ਨੇ ਉਹਨਾਂ ਨੂੰ ਐਂਵੇ ਹੀ ਨਹੀਂ ਛੱਡਿਆ ਸਗੋਂ ਉਹਨਾਂ ਦੀਆਂ ਆਸਥਾਵਾਂ ਨੂੰ ਵਿਸ਼ਵਾਸ ਦੇ ਦਰਜੇ ਤੱਕ ਵਧਾਉਂਣ ਲਈ ਆਪਣੀ ਕੁਦਰਤ ਦੇ ਸੈਂਕੜੇ ਨਿਸ਼ਾਨ ਦਿਖਾਏ ਹਨ । ਰੱਬ ਕਰੇ ਕਿ ਅਸੀਂ ਲੋਕ ਰੱਬ ਨਾਲ ਇਕ ਸਚੱਾ ਸੰਬੰਧ ਪੈਦਾ ਕਰਨ ਵਾਲੇ ਹੋਈਏ । ਅਜਿਹਾ ਸੰਬੰਧ ਪੈਦਾ ਕਰਨ ਵਾਲੇ ਹੋਈਏ ਕਿ ਰੱਬ ਸਾਡੇ ਵਿੱਚੋਂ ਹਰ ਇਕ ਨੂੰ ਨਿਸ਼ਾਨ ਦਿਖਾਉਂਣ ਵਾਲਾ ਬਣਾਏ ਅਤੇ ਸਾਡੇ ਈਮਾਨ ਵਿੱਚ ਵਾਧਾ ਕਰਨ ਵਾਲਾ ਬਣਾਏ । ਅਤੇ ਭਵਿੱਖ ਦੀਆਂ ਨਸਲਾਂ ਵਿੱਚ ਵੀ ਅਸੀਂ ਇਸ ਰੂਹ (ਵਿਸ਼ਵਾਸ) ਨੂੰ ਉਜਾਗਰ ਕਰਨ ਵਾਲੇ ਹੋਈਏ ਕਿ ਰੱਬ ਨਾਲ ਸਚੱਾ ਸੰਬੰਧ ਜੋੜੋ ਅਤੇ ਜਮਾਤ ਦੇ ਸਦਾ ਵਫ਼ਾਦਾਰ ਰਹੋ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਏ ਹੋ ਤਾਂ ਉਸਦੀ ਕਦਰ ਕਰੋ । ਅਲੱਾਹ ਤਆਲਾ ਸਾਡੀਆਂ ਨਸਲਾਂ ਵਿੱਚ ਵੀ ਈਮਾਨ ਕਾਇਮ ਰੱਖੇ ਅਤੇ ਵਧਾਉਂਦਾ ਚਲਾ ਜਾਵੇ ।